੨੬ ਜਨਵਰੀ ੨੦੨੬

ਸਤਿਕਾਰਯੋਗ ਐਡਵੋਕੇਟ ਸ: ਹਰਜਿੰਦਰ ਸਿੰਘ ਜੀ
ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।

ਵਿਸ਼ਾ: **ਗੁਰੂ ਗ੍ਰੰਥ ਸਾਹਿਬ ਜੀ ਦੇ ਛਾਪੇ ਵਿੱਚ ਆਏ ਪਾਠ-ਭੇਦਾਂ ਦੀ ਸੁਧਾਈ ਸਬੰਧੀ ੨੬ ਜੁਲਾਈ ੨੦੨੫ ਨੂੰ ਭੇਜੀ ਚਿੱਠੀ ਬਾਰੇ ਤੀਜੀ ਅਤੇ ਆਖ਼ਰੀ ਯਾਦ ਦਿਹਾਨੀ।**

ਸਤਿਕਾਰਯੋਗ ਪ੍ਰਧਾਨ ਜੀ,

ਇਹ ਪੱਤਰ ਤੁਹਾਨੂੰ ਗੰਭੀਰ ਚਿੰਤਾ ਅਤੇ ਪੰਥਕ ਜ਼ਿੰਮੇਵਾਰੀ ਦੇ ਭਾਵ ਨਾਲ ਲਿਖਿਆ ਜਾ ਰਿਹਾ ਹੈ। ਸਰਬੱਤ ਖ਼ਾਲਸਾ ਜਥੇਬੰਦੀ ਵੱਲੋਂ ਤੁਹਾਨੂੰ **੨੬ ਜੁਲਾਈ ੨੦੨੫** ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਛਾਪੇ ਵਿੱਚ ਆਏ ਪਾਠ-ਭੇਦਾਂ ਦੀ ਸੁਧਾਈ ਸਬੰਧੀ ਇਕ ਵਿਸਥਾਰਪੂਰਣ ਅਤੇ ਗੰਭੀਰ ਚਿੱਠੀ ਭੇਜੀ ਗਈ ਸੀ (ਦੋਬਾਰਾ ਨਾਲ ਨੱਥੀ ਕਰ ਰਹੇ ਹਾਂ)। **ਯਾਦ ਦਹਾਨੀ ਲਈ ੨੬ ਸਤੰਬਰ ੨੦੨੫ ਅਤੇ ੧੯ ਦਸੰਬਰ ੨੦੨੫** ਨੂੰ ਵੀ ਚਿੱਠੀ ਭੇਜੀ ਸੀ।

ਬੜੇ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਇਸ ਗੰਭੀਰ ਮੱਸਲੇ ਤੇ ਹੁਣ ਤਕ ਸ਼੍ਰੋਮਣੀ ਕਮੇਟੀ ਵੱਲੋਂ ਕੋਈ ਜੁਆਬ ਨਹੀਂ ਆਇਆ। ਇਹ ਮਸਲਾ ਨਾ ਤਾਂ ਪ੍ਰਸ਼ਾਸਕੀ ਲਾਪਰਵਾਹੀ ਨਾਲ ਟਾਲਿਆ ਜਾ ਸਕਦਾ ਹੈ ਅਤੇ ਨਾ ਹੀ ਚੁੱਪੀ ਨਾਲ ਦਬਾਇਆ ਜਾ ਸਕਦਾ ਹੈ। SGPC ਰਾਹੀਂ ਗਠਿਤ ਕੀਤੀ ਗਈ ਕਮੇਟੀ ਵੱਲੋਂ **੨੬ ਮਾਰਚ ੧੯੯੬ ਦੀ ਰਿਪੋਰਟ ਵਿੱਚ "ਬਾਰ-ਬਾਰ ਅਤੇ ਗੁਪਤੋ-ਗੁਪਤੀ" ਬੀੜਾਂ ਵਿੱਚ ਆਈ ਤਬਦੀਲੀਆਂ** ਬਾਰੇ ਦਰਜ ਹੋਣਾ ਅਤਿ ਗੰਭੀਰ ਵਿਸ਼ਾ ਹੈ। SGPC ਦੀ ਇਹ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ-ਭੇਦਾਂ ਦੇ ਮਸਲੇ ਨੂੰ ਤੁਰੰਤ ਅਤੇ ਪਾਰਦਰਸ਼ੀ ਤਰੀਕੇ ਨਾਲ ਹੱਲ ਕਰੇ।

ਇਸ ਪੱਤਰ ਰਾਹੀਂ SGPC ਨੂੰ **ਨਾਨਕਸ਼ਾਹੀ ਸੰਮਤ ੫੫੭ ਵਰ੍ਹੇ ਦੇ ਆਖਰੀ ਦਿਨ ੩੦ ਫੱਗਣ ਤੱਕ (13 ਮਾਰਚ 2026)** ਤੱਕ ਆਪ ਜੀ ਵੱਲੋਂ ਆਪਣਾ ਰੁਖ਼ ਸਪਸ਼ਟਤਾ ਨਾਲ ਜਨਤਕ ਕਰਨ ਦੀ ਉਡੀਕ ਕੀਤੀ ਜਾਵੇਗੀ। ਜੇ ਇਸ ਮਿਆਦ ਤੱਕ ਵੀ ਕੋਈ ਜਵਾਬ ਨਹੀਂ ਮਿਲਦਾ, ਤਾਂ ਇਸ **ਚੁਪੀ ਨੂੰ ਸਰਬੱਤ ਖ਼ਾਲਸਾ ਜਥੇਬੰਦੀ ਵੱਲੋਂ ਪਾਠ-ਭੇਦਾਂ ਦੇ ਮੱਸਲੇ ਨੂੰ ਸੁਲਝਾਉਣ ਲਈ ਸਹਿਮਤੀ ਮੰਨਿਆ ਜਾਵੇਗਾ।** ਨਾਨਕਸ਼ਾਹੀ ਸੰਮਤ ੫੫੮ ਦੇ ਆਰੰਭ, ੧ ਚੇਤ (14 ਮਾਰਚ 2026) ਤੋਂ ਬਾਅਦ, SGPC ਤੇ ਆਸ ਛੱਡ ਕੇ ਸਰਬੱਤ ਖ਼ਾਲਸਾ ਜਥੇਬੰਦੀ, ਪੰਥਕ ਵਿਦਵਾਨਾਂ ਦੀ ਨਿਗਰਾਨੀ ਵਿੱਚ, ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ-ਭੇਦਾਂ ਨੂੰ ਦਰੁਸਤ ਕਰਨ ਦੇ ਪਵਿੱਤਰ ਕਾਰਜ ਲਈ ਆਜ਼ਾਦ ਹੋਵੇਗੀ।

ਗੁਰਮਤਿ ਤੋਂ ਸੇਧ ਲੈ ਕੇ ਕੌਮ ਦੇ ਹਿੱਤ ਵਿਚ,

**ਵੱਲੋਂ ਪੰਜ ਪ੍ਰਧਾਨੀ ਕੌਂਸਲ:**
ਸ: ਨਿਰਮਲ ਸਿੰਘ (ਵਿਕਟੋਰੀਆ ਕੈਨੇਡਾ), ਸ: ਗੁਰਪ੍ਰੀਤ ਸਿੰਘ ਜੀਪੀ (ਬਹਿਰੀਨ), ਡਾ: ਖੁਸ਼ਹਾਲ ਸਿੰਘ (ਚੰਡੀਗੜ੍ਹ), ਗਿਆਨੀ ਅੰਮ੍ਰਿਤਪਾਲ ਸਿੰਘ (ਲੁਧਿਆਣਾ), ਸ: ਸਤਬੀਰ ਸਿੰਘ (ਦਿੱਲੀ)